**ਰਿਊਮੈਟਿਕ ਹਾਰਟ ਡਸੀਜ਼ਿਜ (Rheumatic Heart Diseases) /ਕੰਨਜੈਨੀਟਲ ਹਾਰਟ ਡਸੀਜ਼ਿਜ (Congenital Heart Diseases) ਦੀਆਂ ਬੀਮਾਰੀਆਂ ਤੋਂ ਪੀੜਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਵਿਦਿਆਰਥੀਆਂ ਦਾ ਪੀ.ਜੀ.ਆਈ,ਚੰਡੀਗੜ੍ਹ ਵਿਖੇ ਮੁਫ਼ਤ ਇਲਾਜ ਕਰਾਉਣ ਸਬੰਧੀ।**

ਹੇਠ ਲਿਖੇ ਦਿਸ਼ਾ ਨਿਰਦੇਸ਼ ਪੰਜਾਬ ਰਾਜ ਦੇ ਪ੍ਰਮੁੱਖ ਅਖਬਾਰਾਂ ਵਿੱਚ ਛਪਵਾਏ ਗਏ ਅਤੇ ਸਮੂਹ ਸਿਵਲ ਸਰਜਨਾਂ ਅਤੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਰਿਊਮੈਟਿਕ ਹਾਰਟ ਡਸੀਜ਼ਿਜ (Rheumatic Heart Diseases) /ਕੰਨਜੈਨੀਟਲ ਹਾਰਟ ਡਸੀਜ਼ਿਜ (Congenital Heart Diseases) ਦੀਆਂ ਬੀਮਾਰੀਆਂ ਤੋਂ ਪੀੜਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਵਿਦਿਆਰਥੀਆਂ ਦਾ ਪੀ.ਜੀ.ਆਈ,ਚੰਡੀਗੜ੍ਹ ਵਿਖੇ ਮੁਫ਼ਤ ਇਲਾਜ ਕਰਾਉਣ ਲਈ ਭੇਜੇ ਗਏ।

ਮਾਣਯੋਗ ਸਿਹਤ ਮੰਤਰੀ, ਪੰਜਾਬ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਜੀ, ਵੱਲੋਂ ਮਿਤੀ 5-11-2008 ਨੂੰ ਪੀ.ਜੀ.ਆਈ ਚੰਡੀਗੜ੍ਹ ਵਿਖੇ ਰਿਊਮੈਟਿਕ ਹਾਰਟ ਡਸੀਜ਼ਿਜ (Rheumatic Heart Diseases) / ਕੰਨਜੈਨੀਟਲ ਹਾਰਟ ਡਸੀਜ਼ਿਜ (Congenital Heart Diseases) ਦੀਆਂ ਬੀਮਾਰੀਆਂ ਤੋਂ ਪੀੜਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਵਿਦਿਆਰਥੀਆਂ ਦਾ ਪੀ.ਜੀ.ਆਈ,ਚੰਡੀਗੜ੍ਹ ਵਿਖੇ ਮੁਫ਼ਤ ਇਲਾਜ ਕਰਾਉਣ ਲਈ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇ :-

1। ਰਿਊਮੈਟਿਕ ਹਾਰਟ ਡਸੀਜ਼ਿਜ (Rheumatic Heart Diseases) /ਕੰਨਜੈਨੀਟਲ ਹਾਰਟ ਡਸੀਜ਼ਿਜ (Congenital Heart Diseases) ਦੀਆਂ ਬੀਮਾਰੀਆਂ ਤੋਂ ਪੀੜਤ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਵਿਦਿਆਰਥੀਆਂ ਦੀ ਸ਼ਨਾਖਤ ਕਰਨ ਲਈ ਸਮੂਹ ਡਿਸਪੈਂਸਰੀਆਂ/ ਪ੍ਰਾਇਮਰੀ ਸਿਹਤ ਕੇਂਦਰਾਂ/ਸਿਵਲ ਹਸਪਤਾਲਾਂ/ ਕਮਿਊਨਿਟੀ ਹੈਲਥ ਸੈਂਟਰਾਂ / ਜ਼ਿਲ੍ਹਾ ਹਸਪਤਾਲਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਓ.ਪੀ.ਡੀ. ਵਿੱਚ/ਸਕੂਲ ਮੈਡੀਕਲ ਚੈਕ-ਅੱਪ ਕੈਂਪਾਂ ਵਿੱਚ ਜਾਂ ਪਿੰਡਾਂ ਵਿੱਚ ਹੋਰ ਇਸ਼ਤਿਹਾਰੀ ਸਾਧਨਾਂ ਰਾਂਹੀ ਇਨ੍ਹਾਂ ਬਿਮਾਰੀਆਂ ਤੋਂ ਪੀੜਤ ਵਿਦਿਆਰਥੀਆਂ ਦੀ ਪਹਿਚਾਣ ਕੀਤੀ ਜਾਵੇ। ਸ਼ੱਕੀ ਪਾਏ ਗਏ ਬੱਚਿਆਂ ਨੂੰ ਪੀ.ਐਚ.ਸੀ./ਸਿਵਲ ਹਸਪਤਾਲ ਵਿੱਚ ਜਾਂਚ ਲਈ ਭੇਜਿਆ ਜਾਵੇ। ਬੱਚਿਆਂ ਦੀ ਜਾਂਚ/ਈਕੋ (ECHO) ਕਰਵਾਉਣ ਤੋਂ ਪਹਿਲਾਂ ਬੱਚਿਆਂ ਤੋਂ ਪੜ੍ਹਾਈ ਕਰਨ ਸਬੰਧੀ ਸਕੂਲ ਮੁੱਖੀ ਤੋਂ ਜਾਰੀ ਕੀਤਾ ਹੋਇਆ ਅਤੇ ਜ਼ਿਲ੍ਹਾ ਸਿਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕੀਤਾ ਹੋਇਆ ਸਰਟੀਫਿਕੇਟ/ ਪ੍ਰੋਫਾਰਮਾ ਪ੍ਰਾਪਤ ਕੀਤਾ ਜਾਵੇ। ਇਹਨਾਂ ਬੱਚਿਆਂ ਦੀ ਈਕੋ (ECHO) ਦੀ ਸੁਵਿਧਾ ਨਾ ਹੋਣ ਦੀ ਸੂਰਤ ਵਿੱਚ ਈਕੋ (ECHO) ਨੇੜੇ ਦੇ ਮੈਡੀਕਲ ਕਾਲਜ/ਸੀ.ਐਮ.ਸੀ./ ਡੀ.ਐਮ.ਸੀ, ਲੁਧਿਆਣਾ ਤੋਂ ਕਰਵਾਈ ਜਾਵੇ ।ਬੱਚਿਆਂ ਦੇ ਮਾਪਿਆਂ ਨੂੰ ਇਹ ਵੀ ਦੱਸ ਦਿੱਤਾ ਜਾਵੇ ਕਿ ਉਹਨਾਂ ਦੇ ਬੱਚੇ ਦਾ ਇਲਾਜ ਪੀ.ਜੀ.ਆਈ.,ਚੰਡੀਗੜ੍ਹ ਵਿਖੇ ਮੁਫ਼ਤ ਕਰਵਾਇਆ ਜਾਵੇਗਾ ।

2। ਇਸ ਸਾਰੀ ਜਾਂਚ (ECHO) ਦਾ ਖਰਚਾ ਜੋ ਮੈਡੀਕਲ ਕਾਲਜ/ਸੀ.ਐਮ.ਸੀ./ਡੀ.ਐਮ.ਸੀ., ਲੁਧਿਆਣਾ ਵਿਖੇ ਹੋਵੇਗਾ, ਉਹ ਜ਼ਿਲ੍ਹੇ ਦੇ ਸਿਵਲ ਸਰਜਨ ਵੱਲੋਂ ਕੀਤਾ ਜਾਵੇਗਾ ਅਤੇ ਐਨ.ਆਰ.ਐਚ.ਐਮ. ਅਧੀਨ ਹੈਡੱਕੁਆਟਰ ਤੋਂ ਉਨ੍ਹਾਂ ਨੂੰ ਐਡਵਾਂਸ ਪੈਸਾ ਦਿੱਤਾ ਜਾਵੇਗਾ।

3। ਰਿਊਮੈਟਿਕ ਹਾਰਟ ਡਸੀਜ਼ਿਜ (Rheumatic Heart Diseases) /ਕੰਨਜੈਨੀਟਲ ਹਾਰਟ ਡਸੀਜ਼ਿਜ (Congenital Heart Diseases) ਦੀਆਂ ਬੀਮਾਰੀਆਂ ਤੋਂ ਪੀੜਤ ਬੱਚਿਆਂ ਦੀਆਂ ਲਿਸਟਾਂ ਸਹਾਇਕ ਡਾਇਰੈਕਟਰ, ਸਿਹਤ ਸਿੱਖਿਆ, ਪੰਜਾਬ, ਚੰਡੀਗੜ੍ਹ ਜੋ ਇਸ ਪ੍ਰੋਗਰਾਮ ਦੇ ਨੋਡਲ ਅਫ਼ਸਰ ਹਨ, ਨੂੰ ਡਾਇਰੈਕਟੋਰੇਟ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ, ਸੈਕਟਰ 34 ਏ, ਪਰਿਵਾਰ ਕਲਿਆਣ ਭਵਨ, ਚੰਡੀਗੜ੍ਹ ਦੇ ਕਮਰਾ ਨੰ: 419 ਵਿਖੇ ਭੇਜੀਆਂ ਜਾਣ।

4। ਇਹਨ੍ਹਾਂ ਪੀੜਤ ਬੱਚਿਆਂ ਦੀ ਜੋ ਲਿਸਟ ਸਿਵਲ ਸਰਜਨ ਵੱਲੋਂ ਪ੍ਰਾਪਤ ਹੋਵੇਗੀ, ਉਹਨਾਂ ਨੂੰ ਪੀ.ਜੀ.ਆਈ.,ਚੰਡੀਗੜ੍ਹ ਵਿਖੇ ਇਲਾਜ ਲਈ ਭੇਜਿਆ ਜਾਵੇਗਾ ਅਤੇ ਪੀ.ਜੀ.ਆਈ.,ਚੰਡੀਗੜ੍ਹ ਵਿਖੇ ਇਹਨਾਂ ਬੱਚਿਆਂ ਦੇ ਇਲਾਜ਼ ਤੇ ਜੋ ਵੀ ਖਰਚਾ ਆਵੇਗਾ,ਉਹ ਸਾਰਾ ਖਰਚਾ, ਪੀ.ਜੀ.ਆਈ., ਚੰਡੀਗੜ੍ਹ ਨੂੰ ਐਨ.ਆਰ.ਐਚ.ਐਮ. ਅਧੀਨ ਅਦਾ ਕੀਤਾ ਜਾਵੇਗਾ। ਇਨ੍ਹਾਂ ਬੱਚਿਆਂ ਦੇ ਇਲਾਜ਼ ਤੇ ਆਉਣ ਵਾਲੇ ਖਰਚੇ ਤੋਂ ਇਲਾਵਾ ਉਹਨਾਂ ਨੂੰ ਅਤੇ ਉਹਨਾਂ ਦੇ ਅਟੈਂਡੈਂਟਾਂ ਨੂੰ ਕੋਈ ਸਫ਼ਰੀ ਜਾਂ ਰਹਿਣ-ਸਹਿਣ ਦਾ ਖਰਚਾ ਆਦਿ ਨਹੀ ਦਿੱਤਾ ਜਾਵੇਗਾ।

5। ਇਸ ਪ੍ਰੋਗਰਾਮ ਨੂੰ ਸਾਰੇ ਜ਼ਿਲ੍ਹਿਆਂ ਵਿੱਚ ਤੁਰੰਤ ਲਾਗੂ ਕਰ ਦਿੱਤਾ ਗਿਆ।

6। ਇਸ ਬਾਰੇ ਜ਼ਿਆਦਾ ਜਾਣਕਾਰੀ ਇਸ ਦਫ਼ਤਰ ਦੇ ਟੈਲੀਫੂਨ ਨੰ: 01725002189 ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ ।